# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8, ਐਸ ਏ ਐਸ ਨਗਰ

(ਦਫਤਰੀ ਅਮਲਾ ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ

1. ਜਿਲਾ ਸਿੱਖਿਆ ਅਫਸਰ (ਸੈ:ਸਿ/ਐ:ਸਿ))
2. ਸਮੂਹ ਬੀ.ਪੀ.ਈ.ਓ ਦਫਤਰ
3. ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ।
4. ਸਮੂਹ ਪ੍ਰਿੰਸੀਪਲ ਡਾਇਟਜ ।

ਹੁਕਮ ਨੰ: E-office-15838/ਦਅ(7)

ਮਿਤੀ: 3-3-21

ਵਿਸ਼ਾ: ਸਿੱਖਿਆ ਵਿਭਾਗ ਵਿੱਚ ਤਰਸ ਦੇ ਅਧਾਰ ਤੇ ਨਿਯੁਕਤ ਕੀਤੇ ਕਲਰਕਾਂ ਦਾ ਟਾਇਪ ਟੈਸਟ ਲੈਣ ਸਬੰਧੀ।

ਪੰਜਾਬ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ ਸੰਸਥਾਵਾਂ ਵਿੱਚ ਤਰਸ ਦੇ ਅਧਾਰ ਤੇ ਨਿਯੁਕਤ ਕੀਤੇ ਗਏ ਕਲਰਕਾਂ ਦੇ ਨਿਯੁਕਤੀ ਪੱਤਰਾਂ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੱਗੀ ਸ਼ਰਤ ਅਨੁਸਾਰ ਟਾਇਪ ਟੈਸਟ ਮਿਤੀ 13-3-2021 ਨੂੰ ਦਿਨ ਸ਼ਨੀਵਾਰ ਨੂੰ ਸਵੇਰੇ 9.00 ਵਜੇ ਦਫਤਰ ਡੀ ਪੀ ਆਈ(ਸੈ:ਸਿ) ਪੰਜਾਬ , ਚੌਥੀ ਮੰਜਿਲ, ਫੇਜ-8 ਐਸ ਏ ਐਸ ਨਗਰ ਵਿਖੇ ਲਿਆ ਜਾਵੇਗਾ। ਜਿਹੜੇ ਕਲਰਕਾਂ ਨੇ ਇਹ ਟਾਈਪ ਟੈਸਟ ਦੇਣਾ ਹੈ ਉਹ ਆਪਣਾ ਨਾਮ ਵਿਭਾਗ ਦੇ **e-punjab school staff login.in** ਤੇ 11-3-2021 ਤੱਕ ਆਪਣਾ ਨਾਮ ਦਰਜ਼ ਕਰਨਗੇ। ਉਹ ਇਹ ਵੀ ਸਪੱਸ਼ਟ ਕਰਨਗੇ, ਉਹਨਾਂ ਨੇ ਪੰਜਾਬੀ ਜਾਂ ਅੰਗਰੇਜੀ ਦਾ ਟਾਈਪ ਟੈਸਟ ਦੇਣਾ ਜਾਂ ਦੋਵੇਂ ਹੀ ਟਾਈਪ ਟੈਸਟ ਦੇਣੇ ਹਨ।ਇਸ ਸਬੰਧੀ ਆਪਣੇ ਅਧੀਨ ਕੰਮ ਕਰਦੇ ਸਮੂਹ ਕਲਰਕਾਂ ਨੂੰ ਨੋਟ ਕਰਵਾ ਦਿੱਤਾ ਜਾਵੇ।

ਨੋਟ:
1. ਪੰਜਾਬੀ ਟਾਇਪ ਟੈਸਟ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਵੀ ਫੌਂਟ ਵਿੱਚ ਲਿਆ ਜਾਵੇਗਾ।
2. ਕਰਮਚਾਰੀ ਆਪਣੇ ਨਿਯੁਕਤੀ ਪੱਤਰ ਦੀ ਕਾਪੀ ਅਤੇ ਆਨ ਲਾਈਨ ਅਪਲਾਈ ਕੀਤੇ ਪ੍ਰੋਫਾਰਮੇ ਦੀ ਕਾਪੀ ਅਤੇ ਤਸਦੀਕ ਸ਼ੁਦਾ ਫੋਟੋ ਸਮੇਤ ਟਾਇਪ ਟੈਸਟ ਵਾਲੇ ਦਿਨ ਲੈ ਕੇ ਆਉਣ।

ਸਹਾਇਕ ਰਜਿਸਟਰਾਰ 3/3/21

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮਾਨਸਾ

ਪਿ: ਅੰ: ਨੰ: ਅ-8/(ਟਾਈਪ ਟੈਸਟ/2021/14217 ਮਿਤੀ 04/3/21

ਜ਼ਿਲ੍ਹਾ ਮਾਨਸਾ ਦੇ ਸਮੂਹ ਸਕੂਲ ਮੁਖੀਆਂ/ ਬੀ.ਪੀ.ਈ.ਓ / ਡਿ.ਸਿ.ਅਫਸਰ (ਐ:ਸਿ) ਮਾਨਸਾ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ/ ਸੰਬੰਧਤ ਨੂੰ ਨੋਟ ਕਰਵਾ ਦਿੱਤਾ ਜਾਵੇ।

04/3/21

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)

ਮਾਨਸਾ